Surrey Schools
LEADERSHIP IN LEARNING

Tel: 604.596.7733
www.surreyschools.ca

# ਹੈਲੋਵੀਨ ਦੇ ਤਿਓਹਾਰ ਵੇਲੇ ਪਟਾਕਿਆਂ ਸੰਬਧੀ ਸੁੱਰਖਿਆ ਦੀ ਜਾਣਕਾਰੀ
# Halloween Fireworks Safety

ਹਰ ਹੈਲੋਵੀਨ ਦੇ ਤਿਓਹਾਰ ਦੇ ਦੌਰਾਨ, ਬੱਚੇ ਅਤੇ ਬਾਲਿਗ ਅਕਸਰ ਸੱਟ ਲੁਆ ਬੈਠਦੇ ਹਨ ਅਤੇ ਕਦੀ ਕੁ ਤਾਂਈਂ ਮੌਤ ਦਾ ਸ਼ਿਕਾਰ ਵੀ ਬਣ ਜਾਂਦੇ ਹਨ ।

ਸਰੀ ਅਤੇ ਵਾਈਟ ਰੌਕ ਦੇ ਇਲਾਕੇ ਦੇ ਨਗਰਪਾਲਿਕਾ ਦੇ ਕਾਨੂੰਨਾਂ ਦੇ ਅਧੀਨ ਕੋਈ ਵੀ ਵਿਅਕਤੀ ਕਿਸੇ ਵੀ ਕਿਸਮ ਦੇ ਫਾਇਰਵਰਕਸ ਜਾਂ ਪਟਾਕੇ ਕੋਲ ਨਹੀਂ ਰੱਖ ਸਕਦਾ ।

ਧਮਾਕੇ ਵਾਲੇ ਬੰਬ ਜਾਂ ਪਟਾਕੇ ਜਿਹਨਾਂ ਨੂੰ ਐਕਸਪਲੋਜ਼ਿਵ ਵੀ ਕਿਹਾ ਜਾਂਦਾ ਹੈ ਓਹ ਸਿਰਫ ਨਗਰਪਾਲਿਕਾ ਤੋਂ ਅਤੇ ਕੈਨੇਡਾ ਦੇ ਨੈਚੁਰਲ ਰੀਜ਼ੋਰਸਜ਼ ਦੇ ਵਿਭਾਗ ਤੋਂ ਪਰਮਿਟ ਲੈ ਕਿ ਹੀ ਵਰਤੇ ਜਾ ਸਕਦੇ ਹਨ। ਇਸ ਤਰਾਂ ਦੀ ਪਰਮਿਟ ਦੇ ਨਾਲ ਹੋਰ ਕਈ ਤਰਾਂ ਦੀਆਂ ਪਾਬੰਧੀਆ ਵੀ ਲਾਗੂ ਹੁੰਦੀਆਂ ਹਨ ।



ਇਸ ਕਾਨੂੰਨ ਦੀ ਓਲਘੰਣਾ ਕਰਨ ਵਾਲੇ ਨੂੰ 5000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ ।

ਕਿਸੇ ਵੀ ਕਿਸਮ ਦੇ ਪਟਾਕੇ ਅਗਰ ਕੋਈ ਵੀ ਬੱਚਾ ਸਕੂਲ ਨੂੰ ਲਿਆਵੇ ਤਾਂ ਨਾ ਸਿਰਫ ਓਹ ਪਟਾਕੇ ਓਸ ਤੋਂ ਲੈ ਲਏ ਜਾਣਗੇ ਸਗੋਂ ਬੱਚੇ ਨੂੰ ਕੁੱਝ ਦੇਰ ਲਈ ਸਕੂਲ ਤੋਂ ਮੁਅੱਤਲ ਵੀ ਕਰ ਦਿੱਤਾ ਜਾਏਗਾ ।

ਅਗਰ ਪਟਾਕਿਆ ਬਾਰੇ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਆਪਣੇ ਨੇੜੇ ਦੇ ਅੱਗ ਬਝਾਓਣ ਵਾਲਿਆਂ ਦੇ ਦਫਤਰ ਜਾ ਕਿ ਓਹਨਾਂ ਨੂੰ ਮਿਲੋ ।